## ਭਗਤ ਨਾਮਦੇਵ - ਸਬਦ ੧੬

### ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥

### ਰਾਗੁ ਧਨਾਸਰੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੬੯੪

ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥
ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥੧॥
ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥
ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥੧॥ ਰਹਾਉ ॥
ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥
ਚਰਨ ਸਰਨ ਨਾਮਾ ਬਲਿ ਤਿਹਾਰੀ ॥੨॥੫॥

ਸਾਰ: ਅੰਤਰੀਵੀ ਦਇਆ ਵਿਚ ਹਉਮੈਂ ਨੂੰ ਨਰਮ ਕਰਨ, ਹੰਕਾਰ ਨੂੰ ਢਾਲਣ ਅਤੇ ਨਿਮਰਤਾ ਦੇ ਖੇੜ੍ਹੇ ਵਿਚ ਵਿਗਸਣ ਦੀ ਸਮਰਥਾ ਹੁੰਦੀ ਹੈ। ਨਿਮਰਤਾ ਗੰਭੀਰ ਜਾਗਰੂਕਤਾ ਦਾ ਦਰ ਬਣ "ਮੈਂ" ਦੀ ਬੇਚੈਨ ਭਾਵਨਾ ਨੂੰ ਸ਼ਾਂਤ ਕਰਦੀ ਹੈ। ਇਹ ਪਾਕ ਅੰਤਰੀਵੀ ਰਵੱਈਆ, ਮਾਨ ਅਤੇ ਪਹਿਚਾਣ ਤੋਂ ਪਾਰ, ਸਾਨੂੰ ਆਪਣੇ ਅਸਲ ਸਰੂਪ ਨਾਲ ਇਕਸੁਰ ਕਰਦਾ ਹੈ। ਜਿਵੇਂ ਅਹੰਕਾਰ ਦੀ ਪਕੜ ਢਿੱਲੀ ਪੈਂਦੀ ਹੈ, ਅਸੀਂ ਵਧੇਰੇ ਖੁਲ੍ਹਦਿਲੇ, ਸਵੀਕ੍ਰਿਤੀ ਦੇ ਧਾਰਨੀ ਅਤੇ ਜ਼ਮੀਨ ਨਾਲ ਜੁੜੇ ਹੋਏ ਬਣ ਜਾਂਦੇ ਹਾਂ। ਇਹ ਖੁੱਲ੍ਹਾਪਣ ਕ੍ਰਿਪਾ ਨੂੰ ਕਿਸੇ ਬਾਹਰੀ ਵਸਤ ਵਜੋਂ ਨਹੀਂ, ਸਗੋਂ ਸਪਸ਼ਟਤਾ ਅਤੇ ਸਹਿਜਤਾ ਦੀ ਕੁਦਰਤੀ ਨਿਰਮਲ ਧਾਰਾ ਵਜੋਂ ਵਹਿਣ ਦਿੰਦਾ ਹੈ। ਮਾਨ-ਸਨਮਾਨ ਤੋਂ ਉੱਪਰ ਉੱਠ ਕੇ ਮਨ ਨੂੰ ਸ਼ਾਂਤੀ ਦੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਦਇਆ ਦੇ ਝਰਨੇ ਕੁਦਰਤੀ ਰੂਪ ਵਿਚ ਫੁੱਟਦੇ ਹਨ। ਧੁਰ ਅੰਦਰ ਵੱਸਦੀ ਦਇਆ ਖੁਦ ਬਾਰੇ ਸਾਡੇ ਨਜ਼ਰੀਏ ਨੂੰ ਬਦਲ, ਸਾਨੂੰ ਸਦਭਾਵਨਾਪੂਰਨ ਅਤੇ ਜਾਗ੍ਰਿਤ ਜੀਵਨ ਸ਼ੈਲੀ ਵੱਲ ਲੈ ਜਾਂਦੀ ਹੈ।

ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥

ਨਿਰਬਲਾਂ ਦਾ ਮਨੋਬਲ ਵਧਾਉਣਾ ਤੁਹਾਡੀ ਜਾਗਰੂਕਤਾ ਦਾ ਸੁਭਾਵਿਕ ਗੁਣ ਹੈ। ਇਹ ਭਾਵ ਸਰਬਵਿਆਪੀ ਚੇਤਨਾ ਦੇ ਉਸ ਵਿਧਾਨ ਨੂੰ ਦਰਸਾਉਂਦਾ ਹੈ ਜੋ ਸਪਸ਼ਟਤਾ ਅਤੇ ਸੰਤੁਲਨ ਨੂੰ ਮੁੜ ਸਥਾਪਿਤ ਕਰਦਾ ਹੈ।

ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥੧॥
ਧੰਨ ਹਨ ਉਹ ਗਿਆਨੀ ਜੀਵ ਜੋ ਮੇਰੀ ਸਰਬਵਿਆਪੀ ਸਤਾ ਦੀ ਹਾਜ਼ਰਤਾ ਨੂੰ ਹਰ ਥਾਂ ਪਛਾਣ ਲੈਂਦੇ ਹਨ। ਇਹ ਭਾਵ ਅੰਤਰੀਵੀ ਚਿੰਤਨ ਅਤੇ ਆਪਣੇ ਆਪ ਨੂੰ ਜਾਗਰੂਕਤਾ ਦੇ ਮੂਲ ਸਰੋਤ ਨਾਲ ਇਕਸੁਰ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ। (੧)

ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥
ਮੇਰੀ ਮਨੋਬਿਰਤੀ ਸਰਬਵਿਆਪੀ ਸਤਾ ਦੀ ਨਿਮਰ ਭਾਵਨਾ ਨਾਲ ਛੂਹ ਕ੍ਰਿਤਾਰਥ ਹੋ ਗਈ ਹੈ। "ਧੂੜ" ਉਸ ਗਿਆਨ ਨੂੰ ਦਰਸਾਉਂਦੀ ਹੈ ਜੋ ਸਾਨੂੰ ਧਰਤੀ ਨਾਲ ਜੋੜ ਕੇ ਨਿਮਰ ਬਣਾਉਂਦੀ ਹੈ, ਜਦਕਿ "ਮੱਥਾ" ਆਪਣੀ ਹਉਮੈਂ ਨੂੰ ਇਕ ਪਰਮ ਸਤਾ ਅੱਗੇ ਸਮਰਪਣ ਕਰਨ ਦਾ ਪ੍ਰਤੀਕ ਹੈ।

ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥੧॥ ਰਹਾਉ ॥
ਦੈਵੀ ਹਸਤੀਆਂ, ਮਨੁੱਖ ਅਤੇ ਤਪਸਵੀ ਵੀ ਨਿਮਰਤਾ ਦੀ ਪਦਵੀ ਤੋਂ ਦੂਰ ਰਹਿ ਸਕਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਜੋ ਲੋਕ ਦਰਜੇ, ਗਿਆਨ ਜਾਂ ਆਤਮਿਕ ਮਾਨ-ਸਨਮਾਨ ਨਾਲ ਜੁੜੇ ਰਹਿੰਦੇ ਹਨ, ਉਹ ਅਸਲ ਬੋਧ ਦੇ ਮੂਲ ਤੱਤ ਤੋਂ ਵਾਂਝੇ ਰਹਿ ਜਾਂਦੇ ਹਨ। (੧)(ਠਹਿਰਾਉ)

ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥
ਸਰਬਵਿਆਪੀ ਬਿਬੇਕ ਨਿਰਬਲਾਂ ਉੱਤੇ ਕਰੁਣਾ ਦੀ ਭਾਵਨਾ ਵਰਸਾਉਂਦਾ ਹੈ ਕਿਉਂਕਿ ਇਹ ਉਨ੍ਹਾਂ ਦੀ ਹਉਮੈਂ ਦੂਰ ਕਰ ਦਿੰਦਾ ਹੈ। ਇਹ ਭਾਵ ਉਸ ਅੰਤਰੀਵੀ ਦਇਆ ਨੂੰ ਦਰਸਾਉਂਦਾ ਹੈ ਜੋ ਹੰਕਾਰ ਨੂੰ ਮਿਟਾ ਦਿੰਦੀ ਹੈ, ਜਿਸ ਨਾਲ ਨਿਮਰਤਾ ਕਿਰਪਾ ਦੀ ਬਹੁੜੀ ਕਰਵਾਉਂਦੀ ਹੈ ਅਤੇ ਕੋਈ ਗਰੂਰ ਤੋਂ ਉੱਪਰ ਉੱਠ ਜਾਂਦਾ ਹੈ।

ਚਰਨ ਸਰਨ ਨਾਮਾ ਬਲਿ ਤਿਹਾਰੀ ॥੨॥੫॥
ਨਾਮਦੇਵ ਕਹਿੰਦੇ ਹਨ ਕਿ ਨਿਮਰਤਾ ਦਾ ਸਹਾਰਾ ਹੀ ਤੇਰੀ ਅਸਲ ਤਾਕਤ ਹੈ। ਇਹ ਭਾਵ ਦਰਸਾਉਂਦਾ ਹੈ ਕਿ ਆਤਮਿਕ ਸਮਰਥਾ ਦਾ ਉਦਭਵ ਉਸ ਵੇਲੇ ਹੁੰਦਾ ਹੈ ਜਦੋਂ ਵਿਅਕਤੀਗਤ ਪਹਿਚਾਣ ਖਤਮ ਹੋ ਸਮੂਹਿਕ ਪੂਰਨਤਾ ਵਿਚ ਅਭੇਦ ਹੋ ਜਾਂਦੀ ਹੈ। (੨)(੫)

**ਤੱਤ:** ਭਗਤ ਨਾਮਦੇਵ ਦੱਸਦੇ ਹਨ ਕਿ ਰੂਹਾਨੀ ਸਫ਼ਰ ਦਾ ਪਰਮ ਉਦੇਸ਼ ਅਸਮਾਨੀ ਬੁਲੰਦੀਆਂ ਤੱਕ ਪਹੁੰਚਣਾ ਜਾਂ ਧਰਮੀ ਪਦ-ਪਦਵੀ ਪ੍ਰਾਪਤ ਕਰਨਾ ਨਹੀਂ, ਸਗੋਂ ਧੂੜ ਵਰਗੀ ਨਿਮਰਤਾ ਦੇ ਧਾਰਨੀ ਹੋਣ ਵਿਚ

ਨਹਿਤ ਹੁੰਦਾ ਹੈ। ਸਰਬਵਿਆਪੀ ਚੇਤਨਾ ਦਾ ਤੱਤਸਾਰ ਸਾਡਾ ਮਨੋਬਲ ਸੁਭਾਵਿਕ ਤੌਰ 'ਤੇ ਉੱਚਾ ਚੁੱਕਦਾ ਹੈ, ਪਰ ਇਹ ਵਰਤਾਰਾ ਤਦ ਹੀ ਵਾਪਰਦਾ ਹੈ ਜਦੋਂ ਹਉਮੈਂ ਨੂੰ ਸਮਰਪਿਤ ਕਰ ਦਿੱਤਾ ਜਾਂਦਾ ਹੈ। ਜਦੋਂ ਅਸੀਂ ਏਕਮ ਸਤਾ ਤੋਂ ਦੂਰ ਰਹਿੰਦੇ ਹਾਂ, ਤਦੋਂ ਅਸੀਂ ਆਪਣੀ ਪਹਿਚਾਣ ਦਾ ਕੱਦ ਉੱਚਾ ਤਾਂ ਕਰ ਲੈਂਦੇ ਹਾਂ, ਪਰ ਏਕਤਾ ਦੇ ਅਸਲ ਤੱਤ ਤੋਂ ਵਾਂਝੇ ਰਹਿ ਜਾਂਦੇ ਹਾਂ। ਅਸਲ ਤਾਕਤ ਉਸ ਨਿਮਰਤਾ ਨਾਲ ਗੂੜ੍ਹ ਸੰਬੰਧ ਸਿਰਜਨ ਵਿਚ ਹੈ, ਜੋ ਹਉਮੈਂ ਨੂੰ ਨੇਸਤੋ-ਨਾਬੂਦ ਕਰ, ਨਿੱਜੀ ਪਹਿਚਾਣ ਨੂੰ ਖਤਮ ਕਰ, ਸਮੂਹਿਕ ਪੂਰਨਤਾ ਵਿਚ ਸਮਾਉਣ ਦੀ ਦਾਤ ਦਿੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **[OnenessInDiversity.com](OnenessInDiversity.com)**

ਈਮੇਲ: **onenessindiversityfoundation@gmail.com**